# 8 ਸੁਝਾਅ

# ਜੋ ਹੜ੍ਹਾਂ ਵਾਸਤੇ ਤਿਆਰ ਰਹਿਣ ਲਈ ਤੁਸੀਂ ਹੁਣੇ ਕਰ ਸਕਦੇ ਹੋ

## 1 ਆਪਣੇ ਖਤਰਿਆਂ ਬਾਰੇ ਜਾਣੂ ਹੋਵੋ



## 2 ਸਮਝ ਲਓ ਕਿ ਜਾਣਾ ਕਿੱਥੇ ਹੈ



## 3 ਜਾਣੋ ਕਿ ਕਿਸ ਨੂੰ ਕਾੱਲ ਕਰਨੀ ਹੈ




## 4 ਆਪਣੀ ਯੋਜਨਾ ਸਾਂਝੀ ਕਰੋ



## 5 ਇੱਕ ਬੁਨਿਆਦੀ ਅਪਾਤਕਾਲ ਕਿੱਟ ਤਿਆਰ ਕਰੋ




## 6 ਜਾਣੋ ਕਿ ਕਦੋਂ ਤੁਹਾਨੂੰ ਹਰਕਤ ਵਿੱਚ ਆ ਜਾਣਾ ਚਾਹੀਦਾ ਹੈ



## 7 ਆਪਣੇ ਬੀਮੇ ਦੀ ਜਾਂਚ ਕਰ ਲਉ




## 8 ਆਪਣੇ ਸਥਾਨਕ ABC (ਏ.ਬੀ.ਸੀ.) ਰੇਡੀਓ ਸਟੇਸ਼ਨ ਦੀ ਪਹੁੰਚ ਬਣਾਉ



SES
NSW STATE EMERGENCY SERVICE

Punjabi

# ਹੜ੍ਹਾਂ ਵਾਸਤੇ ਤਿਆਰੀ ਲਈ ਕਿਹੜੇ ਕਦਮ ਚੁੱਕਣੇ ਹਨ

## 1. ਆਪਣੇ ਖਤਰਿਆਂ ਬਾਰੇ ਜਾਣੂ ਹੋਵੋ

- ਹੜ੍ਹ ਸੁਰੱਖਿਅਤ ਨਹੀਂ ਹੁੰਦੇ ਅਤੇ ਜਾਨਲੇਵਾ ਹੋ ਸਕਦੇ ਹਨ
- ਹੜ੍ਹ ਫੋਨ, ਪਾਣੀ, ਬਿਜਲੀ, ਸੀਵਰੇਜ (ਗੰਦ ਦੀਆਂ ਨਾਲੀਆਂ) ਅਤੇ ਗੈਸ ਦੀਆਂ ਲਾਈਨਾਂ ਕੱਟ ਸਕਦੇ ਹਨ
- ਸਥਾਨਕ ਹੜ੍ਹਾਂ ਦਾ ਇਤਿਹਾਸ ਅਤੇ ਉਨ੍ਹਾਂ ਦੀ ਉਚਾਈ ਬਾਰੇ ਕਾਊਂਸਿਲ ਕੋਲੋਂ ਪੁੱਛੋ
- ਜਿਹੜੇ ਲੋਕ ਖੇਤਰ ਵਿੱਚ ਲੰਮੇ ਸਮੇਂ ਤੋਂ ਰਹਿ ਰਹੇ ਹਨ ਉਨ੍ਹਾਂ ਤੋਂ ਸਥਾਨਕ ਹੜ੍ਹਾਂ ਤੋਂ ਹੋਣ ਵਾਲੇ ਖਤਰੇ ਬਾਰੇ ਗੱਲ ਕਰੋ
- ਹੜ੍ਹਾਂ ਦੇ ਚਿਨ੍ਹਾਂ ਤੋਂ ਵਾਕਫ਼ ਰਹੋ, ਜਿਵੇਂ ਕਿ ਬਹੁਤ ਜ਼ਿਆਦਾ ਮੀਂਹ ਪੈਣਾ ਅਤੇ ਵਗਦਾ ਹੋਇਆ ਜਾਂ ਉਤਾਂਹ ਨੂੰ ਉੱਠਦਾ ਪਾਣੀ
- ਵਧੇਰੀ ਜਾਣਕਾਰੀ ਲਈ NSW SES ਦੀ ਵੈੱਬਸਾਈਟ www.ses.nsw.gov.au 'ਤੇ ਜਾ ਕੇ ਜਾਂਚ ਕਰੋ

## 2. ਸਮਝ ਲਓ ਕਿ ਜਾਣਾ ਕਿੱਥੇ ਹੈ

- ਹੜ੍ਹਾਂ ਵਾਲੇ ਪਾਣੀ ਵਿੱਚੋਂ ਦੀ ਗੱਡੀ ਨਾ ਚਲਾਓ, ਸਵਾਰ ਨਾ ਹੋਵੋ ਜਾਂ ਉਸ ਵਿੱਚੋਂ ਦੀ ਨਾ ਤੁਰੋ। ਕੋਈ ਹੋਰ ਸੁਰੱਖਿਅਤ ਰਸਤਾ ਲੱਭੋ
- ਹੜ੍ਹ ਵਾਲੇ ਖੇਤਰਾਂ ਤੋਂ ਬਾਹਰ ਰਹਿੰਦੇ ਆਪਣੇ ਦੋਸਤ-ਸਹੇਲੀਆਂ ਜਾਂ ਰਿਸ਼ਤੇਦਾਰਾਂ ਨਾਲ ਰਹਿਣ ਬਾਰੇ, ਉਨ੍ਹਾਂ ਨਾਲ ਗੱਲ ਕਰੋ
- ਉੱਥੋਂ ਨਿਕਲਣ (evacuate ਕਰਨ) ਲਈ ਸਭ ਤੋਂ ਸੁਰੱਖਿਅਤ ਰਸਤਾ ਕਿਹੜਾ ਹੈ, ਉਸ ਬਾਰੇ ਵਿਚਾਰ ਕਰੋ

## 3. ਜਾਣੋ ਕਿ ਕਿਸ ਨੂੰ ਕਾੱਲ ਕਰਨੀ ਹੈ

- ਐਮਰਜੈਂਸੀ (ਅਪਾਤਕਾਲ) ਨੰਬਰਾਂ ਦੀ ਇੱਕ ਸੂਚੀ ਆਪਣੇ ਫੋਨ ਵਿੱਚ ਜਾਂ ਕਿਤੇ ਆਪਣੇ ਨੇੜੇ ਰੱਖੋ
- ਹੜ੍ਹਾਂ ਅਤੇ ਤੂਫਾਨਾਂ ਵਿੱਚ ਅਪਾਤਕਾਲ ਮਦਦ ਦੇ ਲਈ NSW SES ਨੂੰ 132 500 ਉੱਤੇ ਕਾੱਲ ਕਰੋ।
- ਜਾਨ ਨੂੰ ਖਤਰੇ ਵਾਲੀਆਂ ਅਪਾਤਕਾਲ ਸਥਿਤੀਆਂ ਵਿੱਚ ਸਿਫਰ ਸਿਫਰ ਸਿਫਰ (Triple Zero) ਨੂੰ ਕਾੱਲ ਕਰੋ।

## 4. ਆਪਣੀ ਯੋਜਨਾ ਸਾਂਝੀ ਕਰੋ

- ਆਪਣੇ ਪਰਿਵਾਰ ਅਤੇ ਪੜੋਸੀਆਂ ਨਾਲ ਹੜ੍ਹਾਂ ਲਈ ਯੋਜਨਾ ਬਣਾਉ
- ਜੇ ਤੁਹਾਡਾ ਕੋਈ ਵਪਾਰ ਹੈ, ਤਾਂ ਆਪਣੇ ਵਪਾਰਕ ਪੜੋਸੀਆਂ ਨਾਲ ਹੜ੍ਹਾਂ ਬਾਰੇ ਯੋਜਨਾ ਬਣਾਉ।
- ਆਪਣੀ ਯੋਜਨਾ ਦਾ ਅਭਿਆਸ ਸਮੇਂ ਸਮੇਂ 'ਤੇ ਕਰਦੇ ਰਹੋ

## 5. ਇੱਕ ਬੁਨਿਆਦੀ ਅਪਾਤਕਾਲ ਕਿੱਟ ਤਿਆਰ ਕਰੋ

- ਇੱਕ ਅਪਾਤਕਾਲ ਕਿੱਟ ਤਿਆਰ ਕਰੋ ਜਿਸ ਵਿੱਚ ਇੱਕ ਨਾਲ ਚੁੱਕੇ ਜਾ ਸਕਣ ਵਾਲਾ, ਬੈਟਰੀ ਨਾਲ ਚੱਲਣ ਵਾਲਾ ਰੇਡੀਓ, ਵਾਧੂ ਬੈਟਰੀਆਂ, ਮੁੱਢਲੀ ਚਿਕਿਤਸਾ (first aid) ਦੀ ਕਿੱਟ, ਮੋਮਬੱਤੀਆਂ, ਜਲ-ਰੋਧਕ ਮਾਚਸਾਂ, ਜ਼ਰੂਰੀ ਕਾਗਜ਼, ਐਮਰਜੈਂਸੀ (ਅਪਾਤਕਾਲ) ਯੋਜਨਾਵਾਂ, ਐਮਰਜੈਂਸੀ ਸੰਪਰਕ ਨੰਬਰ ਅਤੇ ਇੱਕ ਜਲ-ਰੋਧਕ ਬੈਗ ਹੋਵੇ
- ਆਪਣੀ ਕਿੱਟ ਨੂੰ ਕਿਸੇ ਅਸਾਨੀ ਨਾਲ ਪਹੁੰਚੇ ਜਾ ਸਕਣ ਵਾਲੇ ਸਥਾਨ 'ਤੇ ਸਾਂਭ ਕਰ ਰੱਖੋ

## 6. ਜਾਣੋ ਕਿ ਕਦੋਂ ਤੁਹਾਨੂੰ ਹਰਕਤ ਵਿੱਚ ਆ ਜਾਣਾ ਚਾਹੀਦਾ ਹੈ

- ਮੌਸਮੀ ਸਥਿਤੀਆਂ ਉੱਤੇ ਨਜ਼ਰ ਰੱਖੋ - ਮੌਸਮ ਵਿਭਾਗ ਵੱਲੋਂ 'ਹੜ੍ਹਾਂ ਉੱਤੇ ਨਿਗਰਾਨੀ ਅਤੇ ਚਿਤਾਵਨੀਆਂ' (Flood Watches and Warnings) ਜਾਰੀ ਕੀਤੀਆਂ ਜਾਂਦੀਆਂ ਹਨ www.bom.gov.au/nsw/warnings
- ਜਿਵੇਂ ਦੱਸਿਆ ਜਾਵੇ, ਉੱਥੋਂ ਨਿਕਲਣ ਦੇ ਆਰਡਰਾਂ (Evacuation Orders) ਦੀ ਪਾਲਣਾ ਕਰੋ - ਅਜਿਹਾ ਨਾ ਕਰਨ ਨਾਲ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਜੋਖਮ ਵਿੱਚ ਪਾਉਂਦਾ ਹੈ

## 7. ਆਪਣੇ ਬੀਮੇ ਦੀ ਜਾਂਚ ਕਰ ਲਉ

- ਜੇ ਬੀਮਾ ਉਪਲਬਧ ਹੈ, ਤਾਂ ਜਾਂਚ ਲਉ ਕਿ ਉਹ ਚਲੰਤ ਹਾਲਤ ਵਿੱਚ ਹੈ ਅਤੇ ਤੁਹਾਡੀ ਸਥਿਤੀ ਅਤੇ ਤੁਹਾਡੇ ਖਤਰੇ ਮੁਤਾਬਕ ਉਚਿਤ ਹੈ

## 8. ਆਪਣੇ ਸਥਾਨਕ ABC (ਏ.ਬੀ.ਸੀ.) ਰੇਡੀਓ ਸਟੇਸ਼ਨ ਦੀ ਪਹੁੰਚ ਬਣਾਉ

- ਅਪਾਤਕਾਲ ਸਥਿਤੀ ਵਿੱਚ, ਸਥਾਨਕ ਆਸਟ੍ਰੇਲੀਅਨ ਬ੍ਰੋਡਕਾਸਟ ਕਾਰਪੋਰੇਸ਼ਨ (ABC) ਰੇਡੀਓ ਸਟੇਸ਼ਨ ਅਪਾਤਕਾਲ ਚਿਤਾਵਨੀਆਂ, ਜਾਣਕਾਰੀ ਅਤੇ ਨਵੀਂ, ਬਦਲਦੀ ਹੋਈ ਜਾਣਕਾਰੀ (ਅੱਪਡੇਟ) ਚਲਾਵੇਗਾ।
- ਯਕੀਨੀ ਬਣਾ ਲਉ ਕਿ ਤੁਹਾਡੇ ਕੋਲ ਬੈਟਰੀ ਨਾਲ ਚੱਲਣ ਵਾਲਾ ਰੇਡੀਓ ਜਰੂਰ ਹੋਵੇ

SES NSW STATE EMERGENCY SERVICE (ਨਿਊ ਸਾਊਥ ਵੇਲਜ਼ ਰਾਜ ਐਮਰਜੈਂਸੀ ਸੇਵਾ)

Principal Partner NRMA INSURANCE

**ਹੜ੍ਹ ਅਤੇ ਤੂਫਾਨ ਵਿੱਚ ਐਮਰਜੈਂਸੀ (ਅਪਾਤਕਾਲ) ਸਹਾਇਤਾ ਲਈ ਕਾੱਲ ਕਰੋ**

**132 500**

ਜਾਨ ਨੂੰ ਖਤਰੇ ਵਾਲੀਆਂ ਅਪਾਤਕਾਲ ਸਥਿਤੀਆਂ ਵਿੱਚ ਸਿਫਰ ਸਿਫਰ ਸਿਫਰ (triple zero) ਨੂੰ ਕਾੱਲ ਕਰੋ।

**ਵਧੇਰੀ ਜਾਣਕਾਰੀ ਲਈ www.ses.nsw.gov.au ਉੱਤੇ ਜਾਓ।**

#NSWSES /NSWSES /NSWSES